ਸਾਬਕਾ ਸ਼ਰਣਾਰਥੀ ਅਤੇ ਪ੍ਰਵਾਸੀ ਪਰਿਵਾਰਾਂ ਲਈ ਘਰ ਤੋਂ ਪੜ੍ਹਾਈ ਲਈ ਅਹਿਮ ਸੰਦੇਸ਼

- ਟਰਮ 2 ਵਿੱਚ ਬੱਚਿਆਂ ਅਤੇ ਨੌਜਵਾਨ ਵਿਅਕਤੀਆਂ ਲਈ ਘਰ ਤੋਂ ਸਿੱਖਿਆ ਅਤੇ ਪੜ੍ਹਾਈ ਦੀ ਸ਼ੁਰੂਆਤ ਦੇਖੀ ਜਾਂਦੀ ਹੈ।

- ਜ਼ਿਆਦਾਤਰ ਸਕੂਲਾਂ ਵਿੱਚ ਸੰਚਾਰ-ਮਾਧਿਅਮਾਂ ਰਾਹੀਂ ਪੜ੍ਹਾਈ ਕਰਵਾਉਣ ਲਈ ਪਹਿਲਾਂ ਤੋਂ ਹੀ ਢਾਂਚਾ ਕਾਇਮ ਹੈ ਅਤੇ ਉਨ੍ਹਾਂ ਨੇ ਤੁਹਾਨੂੰ ਇਹ ਦੱਸਣ ਲਈ ਸੰਪਰਕ ਕੀਤਾ ਹੋਵੇਗਾ ਕਿ ਉਹ ਤੁਹਾਡੇ ਬੱਚੇ ਨੂੰ ਘਰ ਵਿੱਚ ਕਿਵੇਂ ਪੜ੍ਹਾਉਣਗੇ ਅਤੇ ਕਿਵੇਂ ਉਸ ਦੀ ਸਹਾਇਤਾ ਕਰਨਗੇ।

- ਤੁਹਾਡੇ ਬੱਚੇ ਦੇ ਅਧਿਆਪਕ ਕੋਲ ਘਰ ਵਿੱਚ ਪੜ੍ਹਾਈ ਲਈ ਯੋਜਨਾ ਹੋਵੇਗੀ - ਤੁਹਾਡੇ ਤੋਂ ਅਧਿਆਪਕ ਬਦਲਣ ਦੀ ਆਸ ਨਹੀਂ ਕੀਤੀ ਜਾਂਦੀ। ਇਹ ਗੱਲ ਯਾਦ ਰੱਖੋ ਕਿ ਅਧਿਆਪਕ ਵੀ ਇਹ ਸਿੱਖ ਰਹੇ ਹਨ ਕਿ ਘਰ ਤੋਂ ਕਿਵੇਂ ਕੰਮ ਕਰਨਾ ਹੈ ਅਤੇ ਉਨ੍ਹਾਂ ਦੇ ਆਪਣਾ ਕਾਰਜਕ੍ਰਮ ਅਤੇ ਸੰਭਾਲਣ ਲਈ ਪਰਿਵਾਰ ਹੋਣਗੇ।

- ਅਸੀਂ ਚੇਤਾਵਨੀ ਪੱਧਰ 3 'ਤੇ ਹਾਂ, ਕਿਰਪਾ ਕਰਕੇ ਆਪਣੇ ਬੱਚਿਆਂ ਦੀ ਘਰ ਤੋਂ ਪੜ੍ਹਾਈ ਜਾਰੀ ਰੱਖੋ, ਜਦੋਂ ਤੱਕ ਤੁਹਾਡੇ ਬੱਬਲ ਵਿੱਚ ਕੋਈ ਅਜਿਹਾ ਵਿਅਕਤੀ ਨਹੀਂ ਹੁੰਦਾ ਜੋ ਉਨ੍ਹਾਂ ਦੀ ਉਸ ਸਮੇਂ ਦੇਖਭਾਲ ਕਰ ਸਕਦਾ ਹੈ ਜੇ ਤੁਹਾਨੂੰ ਕੰਮ 'ਤੇ ਜਾਣ ਦੀ ਲੋੜ ਪੈਂਦੀ ਹੈ।

- ਜੇ ਤੁਹਾਨੂੰ ਆਪਣੇ ਬੱਚੇ ਨੂੰ ਘਰ ਤੋਂ ਪੜ੍ਹਾਉਣ ਬਾਰੇ ਕੋਈ ਮਸਲੇ ਹਨ ਜਾਂ ਚਿੰਤਤ ਹੋ, ਤਾਂ ਤੁਹਾਨੂੰ ਸਭ ਤੋਂ ਪਹਿਲਾਂ ਆਪਣੇ ਬੱਚੇ ਦੇ ਸਕੂਲ ਨਾਲ ਸੰਪਰਕ ਕਰਨਾ ਚਾਹੀਦਾ ਹੈ। ਜੇ ਤੁਹਾਨੂੰ ਆਪਣੇ ਸਕੂਲ ਨਾਲ ਸੰਪਰਕ ਕਰਨ ਵਿੱਚ ਮੁਸ਼ਕਿਲ ਹੁੰਦੀ ਹੈ ਅਤੇ ਅਧਿਆਪਕ ਤੁਹਾਡੇ ਨਾਲ ਸੰਪਰਕ ਨਹੀਂ ਕਰਦਾ, ਤਾਂ ਕਿਰਪਾ ਕਰਕੇ ਮਿਨਿਸਟ੍ਰੀ ਆਫ਼ ਐਜੂਕੇਸ਼ਨ (ਸਿੱਖਿਆ ਮੰਤਰਾਲੇ) ਦੇ ਆਪਣੇ ਸਭ ਤੋਂ ਨੇੜਲੇ ਦਫ਼ਤਰ ਨਾਲ ਸੰਪਰਕ ਕਰੋ।

ਘਰ ਵਿੱਚ ਤੰਦਰੁਸਤੀ ਲਈ ਸਹਾਇਤਾ ਕਰਨੀ

ਹਾਲਾਂਕਿ ਤੁਸੀਂ ਇਸ ਸਮੇਂ ਦੌਰਾਨ ਆਪਣੇ ਬੱਚੇ ਦੀ ਪੜ੍ਹਾਈ ਬਾਰੇ ਚਿੰਤਤ ਹੋ ਸਕਦੇ ਹੋ, ਪਰ ਅਸੀਂ ਇਹ ਵੀ ਚਾਹਾਂਗੇ ਕਿ ਤੁਸੀਂ ਆਪਣੀ ਅਤੇ ਆਪਣੇ ਪਰਿਵਾਰ ਦੀ ਤੰਦਰੁਸਤੀ ਬਾਰੇ ਸੋਚੋ।

ਆਪਣੀ ਤੰਦਰੁਸਤੀ ਦੀ ਸਹਾਇਤਾ ਲਈ ਕੁਝ ਉਪਯੋਗੀ ਸੁਝਾਅ

- ਸ਼ਾਂਤ ਰਹੋ ਅਤੇ ਖੁਦ ਨੂੰ ਅਤੇ ਆਪਣੇ ਬੱਚਿਆਂ ਨੂੰ ਇਹ ਮੁੜ ਤੋਂ ਭਰੋਸਾ ਦੁਆਓ ਕਿ ਇਨ੍ਹਾਂ ਅਸਧਾਰਣ ਸਮਿਆਂ ਵਿੱਚ ਅਸੀਂ ਸਾਰੇ ਜੋ ਬਿਹਤਰੀਨ ਕਰ ਸਕਦੇ ਹਾਂ ਉਹ ਕਰ ਰਹੇ ਹਾਂ।
- ਪੜ੍ਹਾਈ ਹਰੇਕ ਭਾਸ਼ਾ ਵਿੱਚ ਹੁੰਦੀ ਹੈ। ਜੇ ਤੁਹਾਡੀ ਘਰੇਲੂ ਭਾਸ਼ਾ ਅੰਗਰੇਜ਼ੀ ਤੋਂ ਇਲਾਵਾ ਕੋਈ ਹੋਰ ਭਾਸ਼ਾ ਹੈ, ਤਾਂ ਆਪਣੇ ਬੱਚੇ ਨਾਲ ਗੱਲਬਾਤ ਕਰਦੇ ਸਮੇਂ ਉਸ ਭਾਸ਼ਾ ਦੀ ਵਰਤੋਂ ਕਰੋ। ਤੁਸੀਂ ਮੁਹੱਈਆ ਕੀਤੀਆਂ ਗਤੀਵਿਧੀਆਂ ਬਾਰੇ ਗੱਲ ਕਰਨ ਲਈ ਆਪਣੀ ਘਰੇਲੂ ਭਾਸ਼ਾ ਦੀ ਵਰਤੋਂ ਕਰ ਸਕਦੇ ਹੋ ਅਤੇ ਗਤੀਵਿਧੀ ਅੰਗਰੇਜ਼ੀ ਵਿੱਚ (ਜਾਂ ਤੁਹਾਡੀ ਘਰੇਲੂ ਭਾਸ਼ਾ ਵਿੱਚ) ਪੂਰੀ ਕੀਤੀ ਜਾ ਸਕਦੀ ਹੈ।
- ਉਨ੍ਹਾਂ ਗੱਲਾਂ ਵੱਲ ਧਿਆਨ ਕੇਂਦਰਤ ਕਰੋ ਜੋ ਤੁਸੀਂ ਆਪਣੇ ਆਪ ਨੂੰ ਸਿਹਤਮੰਦ, ਖੁਸ਼ ਅਤੇ ਸਰਗਰਮ ਰੱਖਣ ਲਈ ਕਰ ਸਕਦੇ ਹੋ, ਜਿਵੇਂ ਕਿ ਆਪਣੇ ਆਪ ਨੂੰ ਸਾਫ਼-ਸੁਥਰਾ ਰੱਖਣਾ, ਘਰ ਦੇ ਪਿਛਲੇ ਵਿਹੜੇ ਵਿੱਚ ਦੌੜਨਾ, ਕੁੱਦਣਾ, ਨੱਚਣਾ, ਅਤੇ ਬਾਗਵਾਨੀ ਕਰਨੀ।
- ਇਕੱਠੇ ਮਿਲ ਕੇ ਗਤੀਵਿਧੀਆਂ ਕਰੋ - ਪਹੇਲੀਆਂ ਬੁੱਝੋ, ਆਪਣੇ ਬੱਚੇ ਨੂੰ ਪੜ੍ਹਦਿਆਂ ਸੁਣੋ, ਇਕੱਠੇ ਮਿਲ ਕੇ ਖਾਣਾ ਬਣਾਓ, ਅਤੇ ਦੋਸਤਾਂ ਅਤੇ ਪਰਿਵਾਰਾਂ ਨਾਲ ਆਨਲਾਈਨ ਸੰਪਰਕ ਕਰੋ।

- ਗੱਲਬਾਤ ਕਰਨੀ ਪੜ੍ਹਾਈ ਕਰਨ ਦਾ ਬੇਹਦ ਅਹਿਮ ਤਰੀਕਾ ਹੈ। ਤੁਸੀਂ ਜਿਹੜੀਆਂ ਗਤੀਵਿਧੀਆਂ ਕਰ ਰਹੇ ਹੋ ਉਨ੍ਹਾਂ ਬਾਰੇ ਆਪਣੇ ਬੱਚੇ ਨਾਲ ਗੱਲ ਕਰੋ; ਇਹ ਦੱਸੋ ਕਿ ਤੁਸੀਂ ਚੀਜ਼ਾਂ ਨੂੰ ਇੱਕ ਖਾਸ ਤਰੀਕੇ ਨਾਲ ਕਿਉਂ ਕਰ ਰਹੇ ਹੋ; ਪ੍ਰਸ਼ਨਾਂ ਲਈ ਉਤਸ਼ਾਹਿਤ ਕਰੋ। ਜੇ ਤੁਹਾਨੂੰ ਉੱਤਰ ਬਾਰੇ ਪਤਾ ਨਹੀਂ ਹੁੰਦਾ, ਤਾਂ ਇਕੱਠੇ ਮਿਲ ਕੇ ਲੱਭੋ।
- ਇੱਕ ਦਿਨ, ਇੱਕ ਸਮੇਂ 'ਤੇ - ਵੱਖ-ਵੱਖ ਗਤੀਵਿਧੀਆਂ ਅਤੇ ਰੂਟੀਨ ਤੈਅ ਕਰਨ ਲਈ ਆਪਣੇ ਸਮੇਂ ਦੀ ਯੋਜਨਾ ਬਣਾਓ। ਆਪਣੇ ਬੱਚਿਆਂ ਨੂੰ ਸੁਝਾਅ ਪੇਸ਼ ਕਰਨ ਦਾ ਸੱਦਾ ਦਿਓ। ਉਨ੍ਹਾਂ ਲਈ ਮੌਕੇ ਸ਼ਾਮਲ ਕਰੋ ਅਤੇ ਪੜ੍ਹਨ ਲਈ ਵੱਖ-ਵੱਖ ਗਤੀਵਿਧੀਆਂ ਦੀ ਕੋਸ਼ਿਸ਼ ਕਰੋ। ਇਹ ਸਕੂਲ ਤੋਂ ਭੇਜੀਆਂ ਹੋ ਸਕਦੀਆਂ ਹਨ, ਅਜਿਹੀਆਂ ਚੀਜ਼ਾਂ ਹੋ ਸਕਦੀਆਂ ਹਨ ਜਿਨ੍ਹਾਂ ਦਾ ਉਹ ਆਨੰਦ ਮਾਣਦੇ ਹਨ, ਜਾਂ ਉਹ ਗਤੀਵਿਧੀਆਂ ਜਿਨ੍ਹਾਂ ਨੂੰ ਤੁਸੀਂ ਇਕੱਠੇ ਕਰਨ ਦਾ ਫੈਸਲਾ ਕਰਦੇ ਹੋ ਜੋ ਘਰ ਵਿੱਚ ਕਰਨ ਲਈ ਚੰਗੀਆਂ ਹੋਣਗੀਆਂ। ਜੇ ਬੱਚੇ ਉੱਤੇ ਚੀਜ਼ਾਂ ਹਾਵੀ ਹੋਈਆਂ ਜਾਪਦੀਆਂ ਹਨ ਤਾਂ ਉਸ ਨੂੰ ਮਜਬੂਰ ਨਾ ਕਰੋ।
- ਜਦੋਂ ਕੋਈ ਸ਼ੱਕ ਹੋਵੇ, ਤਾਂ ਆਪਣੇ ਸਕੂਲ/ਅਧਿਆਪਕ, ਹੋਰਨਾਂ ਪਰਿਵਾਰਾਂ ਅਤੇ ਦੋਸਤਾਂ ਅਤੇ ਆਪਣੇ ਪਰਿਵਾਰਕ ਸਹਾਇਕ ਤੋਂ ਸਪਸ਼ਟੀਕਰਨ ਦੀ ਮੰਗ ਕਰੋ।

ਘਰ ਵਿੱਚ ਪੜ੍ਹਾਈ ਲਈ ਸਹਾਇਤਾ ਕਰਨੀ

ਤੁਹਾਡੇ ਸਕੂਲ ਵੱਲੋਂ ਤਿਆਰ ਕੀਤੇ ਸੰਚਾਰ-ਮਾਧਿਅਮਾਂ ਰਾਹੀਂ ਪੜ੍ਹਾਈ ਦੇ ਪ੍ਰੋਗਰਾਮ ਤੋਂ ਇਲਾਵਾ ਘਰ ਵਿੱਚ ਪੜ੍ਹਾਈ ਲਈ ਹੋਰ ਵਿਕਲਪ ਵੀ ਹਨ।

- ਟੈਲੀਵੀਜ਼ਨ ਚੈਨਲ
  15 ਅਪ੍ਰੈਲ ਤੋਂ, ਤੁਸੀਂ Home learning | Papa Kāinga TV (ਹੋਮ ਲਰਨਿੰਗ | ਪਾਪਾ ਕਾਇੰਗਾ ਟੀ.ਵੀ.), ਦੇਖ ਸਕਦੇ ਹੋ ਜੋ ਸਕੂਲੀ ਦਿਨਾਂ ਦੌਰਾਨ ਸਵੇਰੇ 9 ਵਜੇ ਤੋਂ ਬਾਅਦ ਦੁਪਹਿਰ 3 ਵਜੇ ਤੱਕ ਯੀਅਰ 1-10 ਦੇ ਆਰੰਭਕ ਸਿੱਖਿਆ ਲੈਣ ਵਾਲਿਆਂ ਅਤੇ ਵਿਦਿਆਰਥੀਆਂ ਲਈ ਸਿੱਖਿਆ ਪ੍ਰਸਾਰਣ ਹੈ।

- TVNZ ਚੈਨਲ 2+1 ਅਤੇ TVNZ ਆਨ ਡਿਮਾਂਡ 'ਤੇ, ਅਤੇ ਇਸ ਦੇ ਨਾਲ-ਨਾਲ Sky Channel (ਸਕਾਈ ਚੈਨਲ) 502'ਤੇ Home Learning | Papa Kāinga ਟੀਵੀ ਮੁਫ਼ਤ ਦਿਖਾਇਆ ਜਾਂਦਾ ਹੈ।

  ਆਰੰਭਕ ਸਿੱਖਿਆ ਲੈਣ ਵਾਲਿਆਂ ਅਤੇ ਵਿਦਿਆਰਥੀਆਂ ਲਈ ਉਮਰ ਦੀ ਹੱਦ ਅਨੁਸਾਰ ਵਿਸ਼ੇ ਨੂੰ ਸ਼੍ਰੇਣੀਬੱਧ ਕੀਤਾ ਜਾਂਦਾ ਹੈ। ਇਸ ਵਿੱਚ ਖੇਡ, ਸਾਖਰਤਾ, ਮੈਥੇਮੈਟਿਕਸ (ਗਣਿਤ), ਵਿਗਿਆਨ, ਟੇ ਰਿਓ ਮਾਓਰੀ (te reo Māori) ਅਤੇ ਸਰੀਰਕ ਸਿੱਖਿਆ ਅਤੇ ਤੰਦਰੁਸਤੀ ਸ਼ਾਮਲ ਹੈ। ਸਾਮੱਗਰੀ ਤਜਰਬੇਕਾਰ ਅਧਿਆਪਕਾਂ, ਪੇਸ਼ਕਾਰਾਂ ਅਤੇ ਤੰਦਰੁਸਤੀ ਅਤੇ ਮੂਵਮੈਂਟ ਪੇਸ਼ਾਵਰਾਂ ਵੱਲੋਂ ਮੁਹੱਈਆ ਕੀਤੀ ਜਾਂਦੀ ਹੈ।

- ਆਨਲਾਈਨ ਸ੍ਰੋਤ: https://learningfromhome.govt.nz/
  ਇਸ ਵੈਬਸਾਈਟ ਵਿੱਚ ਮਾਪਿਆਂ ਅਤੇ ਪਰਿਵਾਰਾਂ, ਅਧਿਆਪਕਾਂ ਅਤੇ ਆਗੂਆਂ ਲਈ ਸ੍ਰੋਤ ਹੁੰਦੇ ਹਨ ਜੋ ਆਰੰਭਕ ਸਿੱਖਿਆ ਲੈਣ ਵਾਲਿਆਂ ਤੋਂ ਲੈ ਕੇ ਸੀਨੀਅਰ ਹਾਈ ਸਕੂਲ ਦੇ ਵਿਦਿਆਰਥੀਆਂ ਲਈ ਹਨ। ਆਪਣੇ ਅਧਿਆਪਕ ਨਾਲ ਇਸ ਬਾਰੇ ਗੱਲ ਕਰੋ ਕਿ ਤੁਹਾਡੇ ਬੱਚੇ ਲਈ ਕਿਹੜੇ ਸ੍ਰੋਤ ਸਹੀ ਹਨ।

- ਕਾਗਜ਼ੀ ਰੂਪ ਵਿੱਚ ਲਰਨਿੰਗ ਪੈਕ (ਪੜ੍ਹਾਈ ਦੇ ਪੁਲੰਦੇ)
  ਸਾਰੇ ਹੀ ਵਿਦਿਆਰਥੀਆਂ ਨੂੰ ਲਰਨਿੰਗ ਪੈਕ ਘਰ ਨਹੀਂ ਭੇਜੇ ਜਾਣਗੇ। ਤੁਹਾਡੇ ਬੱਚੇ ਨਾਲ ਸਬੰਧਤ ਪੜ੍ਹਾਈ ਪ੍ਰੋਗਰਾਮ ਉੱਤੇ ਨਿਰਭਰ ਕਰਦੇ ਹੋਏ, ਤੁਸੀਂ ਪੜ੍ਹਾਈ ਦੀ ਸਹਾਇਤਾ ਲਈ ਪੜ੍ਹਾਈ ਦੀਆਂ ਸਾਮੱਗਰੀਆਂ ਦੀਆਂ ਕਾਗਜ਼ੀ ਕਾਪੀਆਂ ਪ੍ਰਾਪਤ ਕਰ ਸਕਦੇ ਹੋ, ਜਿਨ੍ਹਾਂ ਨੂੰ ਤੁਹਾਡੇ ਘਰ ਪਹੁੰਚਾਇਆ ਜਾਂਦਾ ਹੈ। ਤੁਹਾਡਾ ਅਧਿਆਪਕ ਦੱਸੇਗਾ ਕਿ ਸਾਮੱਗਰੀ ਨੂੰ ਕਿਵੇਂ ਵਰਤਣਾ ਹੈ।

- ਇੰਟਰਨੈੱਟ ਅਤੇ ਯੰਤਰ
  ਜੇ ਸੰਚਾਰ-ਮਾਧਿਅਮਾਂ ਰਾਹੀਂ ਪੜ੍ਹਾਈ ਦੇ ਹਿੱਸੇ ਵੱਜੋਂ ਤੁਹਾਨੂੰ ਵਾਧੂ ਯੰਤਰ ਅਤੇ ਇੰਟਰਨੈੱਟ ਦੀ ਸੰਪਰਕ-ਯੋਗਤਾ ਦੀ ਲੋੜ ਹੈ ਤਾਂ ਤੁਹਾਡਾ ਸਕੂਲ ਤੁਹਾਡੇ ਨਾਲ ਸੰਪਰਕ ਕਰੇਗਾ। ਜੇ ਤੁਹਾਨੂੰ ਇਸ ਬਾਰੇ ਨਿਸ਼ਚਿਤ ਰੂਪ ਵਿੱਚ ਪਤਾ ਨਹੀਂ ਹੈ ਕਿ ਕੀ ਤੁਹਾਡੇ ਬੱਚੇ ਨੂੰ ਵਾਧੂ ਬਿਜਲਈ ਯੰਤਰ ਦੀ ਲੋੜ ਹੈ, ਤਾਂ ਕਿਰਪਾ ਕਰਕੇ ਆਪਣੇ ਸਕੂਲ ਨਾਲ ਸੰਪਰਕ ਕਰੋ।